Class 7 Punjabi assignment

ਪ੍ਰਸ਼ਨ 1 ਅਣਡਿੱਠਾ ਪੈਰ੍ਹਾ

ਪ੍ਰਕ੍ਰਿਤੀ ਸਾਡੀ ਸੱਚੀ ਮਿੱਤਰ ਹੈ। ਇਹ ਸਾਨੂੰ ਹਵਾ, ਪਾਣੀ, ਭੋਜਨ ਅਤੇ ਜੀਵਨ ਜਿਊਣ ਲਈ ਹੋਰ ਬਹੁਤ ਕੁੱਝ ਦਿੰਦੀ ਹੈ। ਅਸੀਂ ਜਦੋਂ ਤੱਕ ਇਸ ਦੀ ਸੰਭਾਲ ਕਰਦੇ ਹਾਂ, ਤਦ ਤੱਕ ਇਹ ਸਾਨੂੰ ਆਪਣੇ ਅਨੰਦ ਭਰੇ ਦਾਨ ਦਿੰਦੀ ਰਹਿੰਦੀ ਹੈ, ਪਰ ਜਦੋਂ ਅਸੀਂ ਹੀ ਇਸ ਨੂੰ ਨਾਸ਼ ਕਰਦੇ ਹਾਂ, ਜਿਵੇਂ ਕਿ ਦਰੱਖ਼ਤਾਂ ਦੀ ਕਟਾਈ, ਨਦੀਆਂ ਦਾ ਪ੍ਰਦੂਸ਼ਣ ਜਾਂ ਹਵਾ ਵਿਚ ਜ਼ਹਿਰੀਲੇ ਧੂੰਆਂ ਨੂੰ ਛੱਡਣਾ, ਤਾਂ ਇਹ ਸਾਡੀ ਜ਼ਿੰਦਗੀ ਲਈ ਖ਼ਤਰਾ ਬਣ ਜਾਂਦੀ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਪ੍ਰਕ੍ਰਿਤੀ ਦੀ ਸੇਵਾ ਕਰੀਏ ਅਤੇ ਇਸ ਦੀ ਰਾਖੀ ਕਰੀਏ|

1. ਪ੍ਰਕ੍ਰਿਤੀ ਸਾਨੂੰ ਕੀ ਦਿੰਦੀ ਹੈ?

A) ਸਿਰਫ਼ ਪਾਣੀ

B) ਸਿਰਫ਼ ਭੋਜਨ

C) ਜੀਵਨ ਲਈ ਲੋੜੀਂਦੀ ਹਰ ਚੀਜ਼

D) ਕੇਵਲ ਹਵਾ

2. ਅਸੀਂ ਪ੍ਰਕ੍ਰਿਤੀ ਨੂੰ ਕਿਵੇਂ ਨੁਕਸਾਨ ਪਹੁੰਚਾਉਂਦੇ ਹਾਂ?

A) ਪਹਾੜਾਂ ਤੇ ਚੜ੍ਹ ਕੇ

B) ਦਰੱਖ਼ਤ ਲਗਾ ਕੇ

C) ਨਦੀਆਂ ਦਾ ਪ੍ਰਦੂਸ਼ਣ ਕਰਕੇ

D) ਫੁੱਲ ਚੁਗ ਕੇ

3. ਜੇ ਅਸੀਂ ਪ੍ਰਕ੍ਰਿਤੀ ਦੀ ਸੰਭਾਲ ਨਾ ਕਰੀਏ ਤਾਂ ਕੀ ਹੋ ਸਕਦਾ ਹੈ?

A) ਕੁੱਝ ਨਹੀਂ ਹੁੰਦਾ

B) ਸਾਡੀ ਜ਼ਿੰਦਗੀ ਲਈ ਖ਼ਤਰਾ ਹੋ ਸਕਦਾ ਹੈ

C) ਸਾਨੂੰ ਹੋਰ ਵਧੀਆ ਤੋਹਫ਼ੇ ਮਿਲਣਗੇ

D) ਹਵਾ ਠੰਡੀ ਹੋ ਜਾਏਗੀ

4. ਲੇਖਕ ਦੇ ਅਨੁਸਾਰ ਸਾਨੂੰ ਕੀ ਕਰਨਾ ਚਾਹੀਦਾ ਹੈ?

A) ਪ੍ਰਕ੍ਰਿਤੀ ਦਾ ਨਾਸ਼

B) ਦਰੱਖ਼ਤ ਕੱਟਣਾ

C) ਪ੍ਰਕ੍ਰਿਤੀ ਦੀ ਰਾਖੀ

D) ਪਾਣੀ ਬਰਬਾਦ ਕਰਨਾ

5. ਪ੍ਰਕ੍ਰਿਤੀ ਨੂੰ ਲੇਖਕ ਨੇ ਕਿਸ ਤਰ੍ਹਾਂ ਦਰਸਾਇਆ ਹੈ?

A) ਦੁਸ਼ਮਣ ਵਾਂਗ

B) ਮਜ਼ਾਕ ਵਾਂਗ

C) ਮਿੱਤਰ ਵਾਂਗ

D) ਅਣਜਾਣ ਵਸਤੂ ਵਾਂਗ

ਪ੍ਰਸ਼ਨ 2ਅੱਖਰ ਦੀ ਪਰਿਭਾਸ਼ਾ ਲਿਖੋ?

ਪ੍ਰਸ਼ਨ 3 ਅੱਖਰ ਬੋਧ ਦੀ ਪਰਿਭਾਸ਼ਾ  ਲਿਖੋ ?

ਪ੍ਰਸ਼ਨ 4 ਵਰਨਮਾਲਾ ਕੀ ਹੈ ਵਿਸਥਾਰ ਸਹਿਤ ਲਿਖੋ?

ਪ੍ਰਸ਼ਨ 5ਅੱਖਰ ਕਿੰਨੀ ਤਰ੍ਹਾਂ ਦੇ ਹੁੰਦੇ ਹਨ ਵਿਸਥਾਰ ਸਹਿਤ ਲਿਖੋ?

ਪ੍ਰਸ਼ਨ 6 ਅਨੁਨਾਸਕੀ ਅੱਖਰਾਂ ਦੀ ਪਰਿਭਾਸ਼ਾ ਲਿਖੋ?

ਪ੍ਰਸ਼ਨ 7ਦੁੱਤ ਅੱਖਰ ਦੀ ਪਰਿਭਾਸ਼ਾ ਲਿਖੋ?

ਪ੍ਰਸ਼ਨ 8 ਸਵਰ ਮੁਹਾਰਨੀ ਕੀ ਹੁੰਦੀ ਹੈ?

ਪ੍ਰਸ਼ਨ 9 ਲਗਾਖਰ ਦੀ ਪਰਿਭਾਸ਼ਾ ਲਿਖੋ?

ਪ੍ਰਸ਼ਨ 10 ਅਣਡਿੱਠੀ ਕਾਵਿ ਟੁਕੜੀ:

ਜ਼ਿੰਦਗੀ ਦੀ ਰਾਹਵੀਂ ਚੱਲਦੇ,

ਕਈ ਰੰਗ ਵੇਖੇ ਦਿਲ ਨੇ।

ਕਦੇ ਹੱਸੇ, ਕਦੇ ਰੋਏ,

ਪਰ ਰੁਕਿਆ ਨਹੀਂ ਇਹ ਮਨ ਨੇ।

ਸੋਚਾਂ ਦੇ ਸਾਗਰ ਵਿਚ,

ਸੁਪਨੇ ਲਹਿਰਾਂ ਵਰਗੇ ਆਉਂਦੇ।

ਹਰ ਇੱਕ ਰਾਤ ਮੌਣੀ ਹੋ ਕੇ,

ਨਵੇਂ ਸਵੇਰੇ ਦਾ ਸੁਆਗਤ ਕਰਦੀ।

1. ਕਵਿਤਾ ਵਿੱਚ 'ਜਿੰਦਗੀ ਦੀ ਰਾਹਵੀਂ' ਦਾ ਕੀ ਅਰਥ ਹੈ?

A. ਸੜਕ ਦਾ ਜ਼ਿਕਰ

B. ਜੀਵਨ ਦੇ ਸਫ਼ਰ ਦੀ ਗੱਲ

C. ਕਿਸੇ ਖੇਡ ਦੀ ਗੱਲ

D. ਰਾਜਨੀਤੀ ਦੀ ਗੱਲ

2. ਕਵਿਤਾ ਵਿੱਚ ਆਏ ਭਾਵਵਾਚਕ ਨਾਂਵ ਚੁਣੋ?

A. ਸਵੇਰ

B. ਰਾਤ

C. ਹੱਸੇ

D ਰੰਗ

3. 'ਪਰ ਰੁਕਿਆ ਨਹੀਂ ਇਹ ਮਨ ਨੇ' ਦਾ ਕੀ ਭਾਵ ਹੈ?

A. ਮਨ ਥੱਕ ਗਿਆ ਸੀ

B. ਮਨ ਨੇ ਹਾਰ ਮੰਨ ਲਈ

C. ਮਨ ਹਮੇਸ਼ਾਂ ਅੱਗੇ ਵੱਧਦਾ ਰਿਹਾ

D. ਮਨ ਨੇ ਕਦੇ ਵੀ ਖੁਸ਼ੀ ਮਹਿਸੂਸ ਨਹੀਂ ਕੀਤੀ

4. ਕਵਿਤਾ ਦੀ ਭਾਵਨਾ ਕੀ ਹੈ?

A. ਨਿਰਾਸ਼ਾ

B. ਆਲਸ

C. ਉਮੀਦ ਅਤੇ ਸੰਘਰਸ਼

D. ਗੁੱਸਾ ਅਤੇ ਨਫ਼ਰਤ

5. 'ਨਵੇਂ ਸਵੇਰੇ ਦਾ ਸੁਆਗਤ ਕਰਦੀ' — ਇਹ ਲਾਈਨ ਕਿਸ ਚੀਜ਼ ਦੀ ਨਿਸ਼ਾਨੀ ਹੈ?

A. ਨਵਾਂ ਕੰਮ ਸ਼ੁਰੂ ਕਰਨ ਦੀ

B. ਰਾਤ ਦੀ ਥਕਾਵਟ ਦੀ

C. ਸੁੱਤੇ ਰਹਿਣ ਦੀ

D. ਮਨ ਦਾ ਥੱਕ ਜਾਣਾ